ਸਭ ਹਕ ਰਖਵੇਂ ਹਨ ਬਿਨਾ ਆਗਿਆ ਕੋਈ ਨਾ ਛਾਪੇ ॥

ਪੁਸਤਕ ਨੰ: ੧੬

# ਚੰਦ੍ਰਕਾਂਤਾ

## ਸੰਤਤਿ ਹਿੱਸਾ ਬਾਰ੍ਹਵਾਂ

ਕਰਤਾ-ਬਾਬੂ ਦੇਵਕੀ ਨੰਦਨ ਖੱਤ੍ਰੀ, ਬਨਾਰਸ

ਉਲਥਾਕਾਰ-

ਭਾਈ ਸੁੰਦਰ ਸਿੰਘ ਹਕੀਮ ਚੌਕ ਬਾਬਾ ਅਟੱਲ ਅਮ੍ਰਿਤਸਰ



ਪ੍ਰਕਾਸ਼ਕ

ਭਾਈ ਚਤਰਸਿੰਘ ਜੀਵਨਸਿੰਘ ਪੁਸਤਕਾਂ ਵਾਲੇ

੧੦੦੦] ਬਜ਼ਾਰ ਮਾਈ ਸੇਵਾਂ ਅਮ੍ਰਿਤਸਰ [ਮੁੱਲ ॥

V.12
24398

ੴ ਸਤਿਗੁਰਪ੍ਰਸਾਦ ॥

# ਚੰਦ੍ਰਕਾਂਤਾ ਸੰਤਤਿ ਭਾਗ ਬਾਰ੍ਹਵਾਂ

## ਪਹਿਲਾ ਕਾਂਡ

ਅਸੀ ਯਾਰ੍ਹਵੇਂ ਭਾਗ ਦੇ ਅੰਤ ਵਿਚ ਲਿਖ ਆਏ ਹਾਂ ਕਿ ਜਦ ਦੇਵੀ ਸਿੰਘ ਨੇ ਅਦਭੁਤ ਆਦਮੀ ਦਾ ਮੂੰਹ ਧੋਕੇ ਸਾਫ਼ ਕੀਤਾ ਤਾਂ ਸ਼ਾਇਦ ਤਾਰਾ ਨੇ ਉਸਨੂੰ ਪਛਾਣ ਲਿਆ ਅਰ ਇਸ ਘਟਨਾ ਦਾ ਉਸਤੇ ਅਜੇਹਾ ਅਸਰ ਹੋਇਆ ਕਿ ਤਿਹ ਚੀਕ ਮਾਰ ਉਠੀ ਤੇ ਉਸਦਾ ਸਿਰ ਭੌਣ ਲਗ ਪਿਆ ਅਰ ਬੇਹੋਸ਼ ਹੋਕੇ ਧਰਤੀ ਤੇ ਡਿਗ ਪਈ। ਉਸੇ ਵੇਲੇ ਸਾਹਮਣੇ ਪਾਸਿਓਂ ਓਹ ਨਕਾਬ ਪੋਸ਼ ਆਉਂਦਾ ਦਿਸਿਆ ਜਿਸਨੇ ਅਦਭੁਤ ਆਦਮੀ ਨੂੰ ਹੈਰਾਨ ਪਰੇਸ਼ਾਨ ਕਰ ਦਿਤਾ ਸੀ ਅਰ ਓਹ ਗੇਂਦ ਭੀ ਖੋਹ ਲਈ ਸੀ ਜਿਸ ਵਿਚ ਅਦਭੁਤ ਮਨੁਖ ਦੇ ਕਹੇ ਅਨੁਸਾਰ ਤਾਰਾ ਦੀ ਕਿਸਮਤ ਬੰਦ ਸੀ, ਇਸ ਕਾਂਡ ਵਿਚ ਭੀ ਅਸੀ ਉਸੇ ਲੜੀ ਨੂੰ ਜਾਰੀ ਰਖਣਾ ਚਾਹੁੰਦੇ ਹਾਂ

ਗਲ ਦੀ ਗਲ ਵਿਚ ਨਕਾਬਪੋਸ਼ ਓਥੇ ਆ ਪਹੁੰਚਾ ਜਿਥੇ ਅਦਭੁਤ ਆਦਮੀ ਬੇਹੋਸ਼ ਪਿਆ ਹੋਯਾ ਸੀ ਤੇ ਉਸਦੇ ਸਾਹਮਣੇ ਹੀ ਇਕ ਪਥਰ ਦੀ ਸਿਲ ਤੇ ਤਾਰਾ ਬੇਹੋਸ਼ ਪਈ ਹੋਈ ਸੀ ਅਰ ਕਮਲਨੀ ਬੜੇ ਪਿਆਰ ਨਾਲ ਉਸਦਾ ਸਿਰ ਘੁਟਦੀ ਤੇ ਹੈਰਾਨ ਹੋਕੇ ਦੇਖ ਰਹੀ ਸੀ।

ਦੇਵੀ ਸਿੰਘ—(ਨਕਾਬ ਪੋਸ਼ ਨੂੰ) ਤੁਸੀ ਏਥੇ ਕਿਸਤਰਾਂ ਆਏ ਹੋ? ਕੀ ਏਥੋਂ ਦਾ ਰਸਤਾ ਤੁਹਾਨੂੰ ਮਲੂਮ ਸੀ?

ਨਕਾਬਪੋਸ਼—ਨਹੀਂ ਮੈਂ ਤੁਹਾਡੇ ਪਿਛੇ ਪਿਛੇ ਏਥੋਂ ਤਕ

ਆਇਆ ਹਾਂ ਇਹ ਕਹਿਕੇ ਓਸਨੇ ਆਪਣੇ ਮੂੰਹ ਤੋਂ ਨਕਾਬ ਲਾਹ ਸੁਟੀ ਸਭਨਾਂ ਨੇ ਤੇਜ ਸਿੰਘ ਨੂੰ ਪਛਾਣ ਲਿਆ ਅਰ ਬੜੇ ਹੈਰਾਨ ਹੋਏ। ਬੈਰੋਂ ਸਿੰਘ ਛੇਤੀ ਨਾਲ ਉਠਕੇ ਪਿਤਾ ਦੇ ਪੈਰੀਂ ਪਿਆ ਦੇਵੀ ਸਿੰਘ ਤੇਜ ਸਿੰਘ ਗਲ ਮਿਲੇ ਫੇਰ ਕਿਸ਼ੋਰੀ ਕਾਮਨੀ,ਲਾਡਲੀ ਤੇ ਕਮਲਨੀ ਨੇ ਭੀ ਉਨ੍ਹਾਂ ਨੂੰ ਰਾਮਰਵਚਾਕੀਤਾ

ਦੇਵੀ ਸ—(ਤੇਜ ਸਿੰਘ ਨੂੰ) ਕੀ ਆਪ ਹੀ ਓਹ ਨਕਾਬ ਪੋਸ਼ ਹੋ ਜਿਸਦਾ ਹਾਲ ਮੈਂ ਭੂਤਨਾਥ ਦੇ ਮੂੰਹੋਂ ਸੁਣਿਆਂ ਹੈ।

ਤੇਜ—ਹਾਂ ਮੈਂ ਹੀ ਸਾਂ ਪਰ ਭੂਤਨਾਥ ਨੂੰ ਇਸ ਗਲ ਦਾ ਸੰਦੇਹ ਭੀ ਨਹੀਂ ਹੋਵਗਾ ਕਿ ਨਕਾਬਪੋਸ਼ ਵਾਸਤਵ ਵਿਚ ਤੇਜ ਸਿੰਘ ਹੈ, (ਅਦਭੁਤ ਆਦਮੀ ਵਲ ਸੈਨਤ ਕਰਕੇ) ਇਸਦੀਆਂ ਤੇ ਭੂਤਨਾਥ ਦੀਆਂ ਜੋ ਕੁਛ ਗਲਾਂ ਹੋਈਆਂ ਸਨ ਓਹ ਤੁਸਾਂ ਭੂਤਨਾਥ ਦੀ ਜ਼ਬਾਨੀ ਸੁਣੀਆਂ ਹੋਣਗੀਆਂ।

ਦੇਵੀ-ਹਾਂ ਸੁਣੀਆਂ ਤਾਂ ਹਨ ਪਰ ਮੈਨੂੰ ਨਿਸਚਾ ਨਹੀਂ ਹੁੰਦਾ ਕਿ ਭੂਤਨਾਥ ਨੇ ਜੋ ਕੁਛ ਕਿਹਾ ਹੈ ਸੋ ਸਚ ਹੈ।

ਤੇਜ—ਠੀਕ ਹੈ ਰਾਤ ਮੈਂ ਭੀ ਭੂਤਨਾਥ ਵਲੋਂ ਏਹੋ ਸੋਚਦਾ ਸੀ ਹਛਾ ਮੈਂ ਤੁਹਾਨੂੰ ਸਭ ਹਾਲ ਸੁਨਾਉਂਦਾ ਹਾਂ, ਮੈਂ ਤਾਰਾ ਸਿੰਘ ਨੂੰ ਨਾਲ ਲੈਕੇ ਰੋਹਤਾਸਗੜ੍ਹ ਗਿਆ ਸੀ ਅਰ ਉਸ ਵੇਲੇ ਮੈਂ ਓਥੇ ਹੀ ਸੀ ਜਦ ਇਹ ਖਬਰ ਪਹੁੰਚੀ ਕਿ ਕਮਲਨੀ ਦੇ ਤਲਿਸਮੀ ਮਕਾਨ ਨੂੰ ਵੈਰੀਆਂ ਨੇ ਘੇਰ ਲਿਆ ਹੈ ਮੈਂ ਤੁਰਤ ਥੋੜੇ ਜੇਹ ਫੌਜੀ ਸਿਪਾਹੀਆਂ ਨੂੰ ਉਨ੍ਹਾਂ ਦਾ ਟਾਕਰਾ ਕਰਨ ਲਈ ਭੇਜਿਆ ਤੇ ਦੋ ਘੰਟੇ ਪਿਛੋਂ ਆਤ ਭੀ ਭੇਸ ਬਦਲਕੇ ਤਾਰਾ ਸਿੰਘ ਨੂੰ ਨਾਲ ਲੈਕੇ ਓਸੇ ਪਾਸੇ ਤੁਰ ਪਿਆ, ਪਹਿਲੀ ਰਾਤ ਹੀ ਸੀ ਜਦ ਅਸੀਂ ਇਕ ਬਨ ਵਿਚ ਪਹੁੰਚੇ ਓਸੇ ਵਲੋਂ ਘੋੜਿਆਂ ਦੇ



ਸੁੰਮਾਂ ਦੀ ਅਵਾਜ਼ ਆਉਣ ਲਗ ਪਈ ਜੋ ਪਿਛਲੇ ਪਾਸਿਓਂ ਆ ਰਹੀ ਸੀ ਤੇ ਹੌਲੀ ਹੌਲੀ ਨੇੜੇ ਆਉਂਦੀ ਜਾਂਦੀ ਸੀ। ਅਸੀਂ ਦੋਵੇਂ ਇਹ ਸੋਚਕੇ ਇਕ ਬ੍ਰਿਛ ਦੇ ਓਹਲੇ ਹੋ ਗਏ ਕਿ ਇਹ ਸਵਾਰ ਅਗੇ ਨਿਕਲ ਜਾਣ ਤਾਂ ਚਲੀਏ, ਪਰ ਜਦ ਓਹ ਘੋੜਾ ਸਾਡੇ ਪਾਸੋਂ ਦੀ ਲੰਘਿਆ ਤਾਂ ਅਸਾਂ ਦੇਖਿਆ ਕਿ ਉਸ ਉਤੇ ਇਕ ਨਹੀਂ ਸਗੋਂ ਦੋ ਸਵਾਰ ਹਨ ਅਰ ਜੋ ਪਿਛੇ ਵਲ ਹੈ ਓਹ ਇਸਤ੍ਰੀ ਹੈ ਉਸਦੇ ਇਸਤ੍ਰੀ ਹੋਣ ਦਾ ਪਤਾ ਮੈਨੂੰ ਇਸਤਰਾਂ ਲਗਾ ਕਿ ਜਦ ਉਹ ਸਾਡੇ ਪਾਸ ਪਹੁੰਚੀ ਤਾਂ ਉਸਨੇ ਆਪਣੇ ਸਾਥੀ ਨੂੰ ਕਿਹਾ—"ਜ਼ਰਾ ਠਹਿਰੋ ਮੈਂ ਏਥੋਂ ਉਤਰਕੇ ਕੁਛ ਪਲਾਂ ਲਈ ਤੁਹਾਥੋਂ ਵਿਛੜਾਂਗੀ।" ਬਸ ਏਸਤੋਂ ਮੈਨੂੰ ਨਿਸਚਾ ਹੋਗਿਆ ਕਿ ਓਹ ਇਸਤ੍ਰੀ ਹੈ। ਘੋੜਾ ਰੋਕਕੇ ਉਹ ਸਵਾਰ ਉਤਰ ਬੈਠਾ ਅਰ ਉਸਨੇ ਹਥ ਦਾ ਸਹਾਰਾ ਦੇਕੇ ਉਸ ਇਸਤ੍ਰੀ ਨੂੰ ਭੀ ਉਤਾਰਿਆ।

ਇਹ ਕਹਿਕੇ ਤੇਜ ਸਿੰਘ ਠਹਿਰ ਗਿਆ ਅਰ ਬੋਲਿਆ ਮੈਨੂੰ ਇਸ ਵੇਲੇ ਇਹ ਪ੍ਰਸੰਗ ਸੁਣਾਉਣਾ ਚੰਗਾ ਨਹੀਂ ਮਲੂਮ ਹੁੰਦਾ।

ਕਮਲਨੀ-ਓਹ ਕਿਉਂ ?

ਤੇਜ—ਇਸ ਲਈ ਕਿ ਇਕ ਪਾਸੇ ਮੈਂ ਵਿਚਾਰੀ ਤਾਰਾ ਨੂੰ ਬੇਹੋਸ਼ ਪਈ ਦੇਖਦਾ ਹਾਂ ਦੂਸਰੇ ਪਾਸੇ ਕਿਸ਼ੋਰੀ ਤੇ ਕਾਮਨੀ ਅਜੇਹੀਆਂ ਮਲੂਮ ਹੁੰਦੀਆਂ ਹਨ ਮਾਨੋਂ ਕਈਆਂ ਵਰਿਹਾਂ ਤੋਂ ਬੀਮਾਰ ਹਨ ਤੂੰ ਭੀ ਬਹੁਤ ਸੁਸਤ ਤੇ ਉਦਾਸ ਨਜ਼ਰ ਆਉਂਦੀ ਹੈਂ ਇਸ ਲਈ ਮਨ ਚਾਹੁੰਦਾ ਹੈ ਕਿ ਪਹਿਲਾਂ ਏਥੋਂ ਦਾ ਹਾਲ ਸੁਣ ਲਵਾਂ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.